# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ. / ਐ.ਸਿ.), ਬਠਿੰਡਾ

ਵੱਲ

ਸਮੂਹ ਬੀ.ਪੀ.ਈ.ਓਜ਼,

ਜਿਲ੍ਹਾ ਬਠਿੰਡਾ।

ਪੱਤਰ ਨੰ:-ਸਸਅ/ਆਈ.ਈ.ਡੀ./ 2025-26/ 2452

ਮਿਤੀ ਬਠਿੰਡਾ: 10.02.2026

ਵਿਸ਼ਾ- ਵਿਸ਼ੇਸ਼ ਲੋੜਾਂ ਵਾਲੇ ਬੱਚਿਆ ਲਈ ਸਮੱਗਰਾ ਕੈਂਪ ਲਗਾਉਣ ਸਬੰਧੀ।

ਹਵਾਲਾ- ਮੁਖ ਦਫਤਰ ਦੇ ਮੀਮੋ ਨੰਬਰ ਆਈ.ਈ.ਡੀ./ਸਸਅ/2026/32587 ਮਿਤੀ 06.02.2026

ਅੰਕਿਤ ਵਿਸ਼ਾ ਅਤੇ ਹਵਾਲਾ ਅਧੀਨ ਜਿਲ੍ਹਾ ਬਠਿੰਡਾ ਵਿੱਚ ਹੇਠ ਲਿਖੇ ਅਨੁਸਾਰ ਸੀ.ਡਬਲਿਊ.ਐਸ.ਐਮ. ਲਈ ਸਮਾਨ ਵੰਡ ਕੈਂਪ ਲਗਾਏ ਜਾ ਰਹੇ ਹਨ। ਇਹਨਾਂ ਕੈਂਪਾ ਵਿੱਚ ਸਿਰਫ ਉਹਨਾਂ ਬੱਚਿਆਂ ਨੂੰ ਹੀ ਬੁਲਾਇਆ ਜਾਣਾ ਹੈ ਜਿਨ੍ਹਾਂ ਬੱਚਿਆਂ ਦਾ ਪਹਿਲਾਂ ਅਸੈਸਮੈਂਟ ਕੀਤਾ ਜਾ ਚੁੱਕਿਆ ਹੈ ਅਤੇ ਸਮਾਨ ਦਿੱਤਾ ਜਾ ਰਹੇ ਹੈ।

| ਕੈਂਪ ਦੀ ਮਿਤੀ | ਸਮਾਂ | ਬਲਾਕ | ਕੈਂਪ ਦਾ ਸਥਾਨ | ਵਿਸ਼ੇਸ਼ ਕਥਨ |
|---|---|---|---|---|
| 23.02.2026 | ਸਵੇਰੇ 09.00 ਤੋਂ 03.00 ਸ਼ਾਮ ਤੱਕ | ਬਠਿੰਡਾ, ਸੰਗਤ, ਗੋਨਿਆਣਾ(ਨਥਾਣਾ) | ਡੀ.ਐਸ.ਆਰ.ਸੀ. ਮਾਲ ਰੋਡ ਬਠਿੰਡਾ, (ਦਫਤਰ ਬੀ.ਪੀ.ਈ.ਓ.ਬਠਿੰਡਾ) | ਕੈਂਪ ਦਾ ਸਾਰਾ ਪ੍ਰਬੰਧ ਬਲਾਕ ਬਠਿੰਡਾ ਵੱਲੋਂ ਕੀਤਾ ਜਾਵੇਗਾ। |
| 24.02.2026 | ਸਵੇਰੇ 09.00 ਤੋਂ 12.00 ਦੁਪਿਹਰ ਤੱਕ | ਰਾਮਪੁਰਾ, ਭਗਤਾ | ਦਫਤਰ ਬੀ.ਪੀ.ਈ.ਓ. ਰਾਮਪੁਰਾ | ਕੈਂਪ ਦਾ ਸਾਰਾ ਪ੍ਰਬੰਧ ਬਲਾਕ ਰਾਮਪੁਰਾ ਵੱਲੋਂ ਕੀਤਾ ਜਾਵੇਗਾ। |
| 24.02.2026 | ਦੁਪਿਹਰ 01.00 ਤੋਂ 03.00 ਸ਼ਾਮ ਤੱਕ | ਤਲਵੰਡੀ ਸਾਬੋ, ਮੌੜ | ਦਫਤਰ ਬੀ.ਪੀ.ਈ.ਓ. ਤਲਵੰਡੀ ਸਾਬੋ | ਕੈਂਪ ਦਾ ਸਾਰਾ ਪ੍ਰਬੰਧ ਬਲਾਕ ਤਲਵੰਡੀ ਸਾਬੋ ਵੱਲੋਂ ਕੀਤਾ ਜਾਵੇਗਾ। |

1. ਕੈਂਪ ਵਿੱਚ ਭਾਗ ਲੈਣ ਵਾਲੇ ਬੱਚਿਆਂ ਅਤੇ ਉਹਨਾਂ ਦੇ ਗਾਰਡੀਅਨ/ਮਾਤਾ ਪਿਤਾ ਲਈ 50/- ਰੁਪਏ ਪ੍ਰਤੀ ਵਿਅਕਤੀ (ਸਿਰਫ 2 ਵਿਅਕਤੀਆਂ ਲਈ ਕੁੱਲ 100/- ਰੁਪਏ) ਖਰਚ ਕੀਤੇ ਜਾਣ।
2. ਐਸ.ਐ.ਏ. ਸਟਾਫ ਲਈ 50 ਰੁਪਏ ਪ੍ਰਤੀ ਵਿਅਕਤੀ ਅਤੇ ਅਲੀਮਕੋ ਟੀਮ/ਮੈਡੀਕਲ ਟੀਮ ਲਈ 150/- ਰੁਪਏ ਪ੍ਰਤੀ ਵਿਅਕਤੀ ਲੰਚ ਅਤੇ ਰਿਫਰੈਸ਼ਮੈਂਟ ਲਈ ਖਰਚ ਕੀਤੇ ਜਾਣ। ਇਹ ਖਰਚਾ ਸਮੂਹ ਬਲਾਕਾਂ ਲਈ ਬਲਾਕ ਬਠਿੰਡਾ, ਰਾਮਪੁਰਾ ਅਤੇ ਤਲਵੰਡੀ ਸਾਬੋ ਵੱਲੋਂ ਕੀਤਾ ਜਾਵੇ।
3. ਅਲੀਮਕੋ ਤੋਂ ਆਉਣ ਵਾਲੀ ਟੀਮ ਦੇ ਰਹਿਣ ਖਾਣੇ (ਬਰੇਕ ਫਾਸਟ, ਡਿਨਰ) ਦਾ ਪ੍ਰਬੰਧ ਬਲਾਕ ਬਠਿੰਡਾ ਵੱਲੋਂ ਉਕਤ ਮਿਤੀਆਂ ਅਨੁਸਾਰ 1 ਦਿਨ ਪਹਿਲਾਂ ਅਤੇ ਬਾਅਦ ਤੱਕ ਕਿਸੇ [redacted] ਹੋਟਲ /ਗੈਸਟ ਹਾਊਸ ਵਿੱਚ ਕੀਤਾ ਜਾਵੇ। ਇਹਨਾਂ ਮਿਤੀਆਂ ਅਨੁਸਾਰ ਹੀ ਦੂਜਿਆਂ ਬਲਾਕਾਂ ਵਿੱਚ ਟੀਮ ਅਤੇ ਡਿਊਟੀ ਸਟਾਫ ਦੇ ਜਾਣ ਲਈ ਇੱਕ ਜਾਂ ਦੋ ਵੱਡੀ ਟੈਕਸੀ ਦਾ ਪ੍ਰਬੰਧ ਵੀ ਕੀਤਾ ਜਾਵੇ ਅਤੇ ਕੈਂਪ ਖਤਮ ਹੋਣ ਉਪਰੰਤ ਉਕਤ ਟੈਕਸੀ ਦੂਜੇ ਜਿਲ੍ਹੇ ਵਿੱਚ ਟੀਮ ਨੂੰ ਛੱਡ ਕੇ ਆਵੇ।
4. ਕੈਂਪਾਂ ਨੂੰ ਸਫਲ ਬਣਾਉਣ ਲਈ ਲੋੜ ਅਨੁਸਾਰ ਕੁਰਸੀਆਂ/ਮੇਜ/ ਪੀਣ ਵਾਲਾ ਸਾਫ ਪਾਣੀ ਦਾ ਪ੍ਰਬੰਧ ਕੈਂਪ ਲਗਾਏ ਜਾਣ ਵਾਲੇ ਬਲਾਕ ਵੱਲੋਂ ਕੀਤਾ ਜਾਵੇ। (ਬਠਿੰਡਾ, ਰਾਮਪੁਰਾ, ਤਲਵੰਡੀ ਸਾਬੋ)

DSE(IED)

5. ਇਹਨਾਂ ਕੈਂਪਾਂ ਦੌਰਾਨ ਸਬੰਧਤ ਬਲਾਕ ਦੇ ਸਮੂਹ ਸਕੂਲ ਮੁਖੀ/ਆਈ.ਈ.ਆਰ.ਟੀਜ/ਆਈ.ਈ.ਏਟੀ/Special educator's ਆਪਣੀ ਡਿਊਟੀ ਨਿਭਾਉਣਗੇ ਅਤੇ ਲਾਭਪਾਤਰੀ ਬੱਚਿਆਂ ਨੂੰ ਕੈਂਪ ਤੱਕ ਲਿਆਉਣ ਵਿੱਚ ਮਾਪਿਆਂ ਦੀ ਮਦਦ ਕਰਨਗੇ।

6. ਦਿੱਤੇ ਜਾਣ ਵਾਲੇ ਉਪਕਰਨ ਉੱਤੇ ਸਮੱਗਰਾ ਸਿੱਖਿਆ ਅਭਿਆਨ (ਆਈ.ਈ.ਡੀ.) ਜਿਲ੍ਹਾ ਬਠਿੰਡਾ ਫਰਵਰੀ 2026 ਲਿਖਿਆ ਜਾਵੇ। ਦਿੱਤੇ ਜਾਣ ਵਾਲੇ ਉਪਕਰਨ ਦੀ ਰਸੀਵਿੰਗ ਜਰੂਰ ਲਈ ਜਾਵੇ ਅਤੇ ਇਸ ਦਾ ਰਿਕਾਰਡ ਸਬੰਧਤ ਬਲਾਕ ਵੱਲੋਂ ਰੱਖਿਆ ਜਾਵੇ। ਇਸ ਕੈਂਪ ਸਬੰਧੀ ਬੈਨਰ ਅਤੇ ਕੁਝ ਫੋਟੋਗਰਾਫਸ ਵੀ ਬਣਵਾਏ ਜਾਣ।

ਉਕਤ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ।

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਬਠਿੰਡਾ।

DSE(IED)

ਪਿੰਠ ਅੰਕਣ ਨੰਬਰ- ਮਿਤੀ- ਉਕਤ

ਉਕਤ ਦਾ ਉਤਾਰਾ ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ।

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਬਠਿੰਡਾ।